# India-UK Virtual Summit (May 04, 2021)

May 02, 2021

---

## ਭਾਰਤ ਅਤੇ ਇੰਗਲੈਂਡ ਦਰਮਿਆਨ ਵਰਚੂਅਲ ਸਖ਼ਿਰ ਸੰਮੇਲਨ (4 ਮਈ, 2021)

2 ਮਈ, 2021

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਇੰਗਲੈਂਡ ਦੇ ਪ੍ਰਧਾਨ ਮੰਤਰੀ ਦਾ ਰਾਈਟ ਆਨਰੇਬਲ ਬੌਰਿਸ ਜਾਨਸਨ ਨਾਲ ਵਰਚੂਅਲ ਸਿਖ਼ਰ ਸੰਮੇਲਨ ਵਿੱਚ ਭਾਗ ਲੈਣਗੇ।

2. ਭਾਰਤ ਅਤੇ ਇੰਗਲੈਂਡ ਦਰਮਿਆਨ 2004 ਤੋਂ ਚੱਲੀ ਆ ਰਹੀ ਰਣਨੀਤਕ ਭਾਈਵਾਲੀ ਹੈ। ਇਹ ਭਾਈਵਾਲੀ ਬਾਕਾਇਦਾ ਉੱਚ ਪੱਧਰੀ ਵਟਾਂਦਰਿਆਂ ਅਤੇ ਵੱਖ - ਵੱਖ ਖੇਤਰਾਂ ਵਿੱਚ ਵੱਧ ਰਹੇ ਜੁੜਾਅ ਤੋਂ ਸਾਫ ਹੈ। ਇਸ ਸਿਖਰ ਸੰਮੇਲਨ ਨਾਲ ਸਾਡੇ ਬਹੁਪੱਖੀ ਰਣਨੀਤਕ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਅਤੇ ਆਪਸੀ ਹਿਤ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਸਹਿਯੋਗ ਵਧਾਉਣ ਦਾ ਵਡਾ ਮੌਕਾ ਮਿਲੇਗਾ। ਦੋਵੇਂ ਆਗੂ COVID -19 ਬਾਰੇ ਸਹਿਯੋਗ ਅਤੇ ਇਸ ਮਹਾਂਮਾਰੀ ਨਾਲ ਨਜਿੱਠਣ ਦੀਆਂ ਆਲਮੀ ਕੋਸ਼ਿਸ਼ਾਂ ਬਾਰੇ ਵੀ ਵਿਚਾਰ ਵਟਾਂਦਰੇ ਕਰਨਗੇ।

3. ਸਿਖਰ ਸੰਮੇਲਨ ਦੌਰਾਨ ਵਿਆਪਕ ਰੋਡ-ਮੈਪ 2030 ਲਾਂਚ ਕੀਤਾ ਜਾਏਗਾ, ਜਿਸਦੀ ਮਦਦ ਨਾਲ ਅਗਲੇ ਦਹਾਕੇ ਦੌਰਾਨ ਪੰਜ ਪ੍ਰਮੁੱਖ ਖੇਤਰਾਂ ਯਾਨੀ ਲੋਕ ਪੱਧਰੀ ਸਬੰਧਾਂ, ਵਪਾਰ ਅਤੇ ਖੁਸ਼ਹਾਲੀ, ਰੱਖਿਆ, ਸੁਰੱਖਿਆ, ਜਲਵਾਯੂ ਕਾਰਵਾਈ ਅਤੇ ਸਿਹਤ ਸੰਭਾਲ ਵਿੱਚ ਭਾਰਤ-ਇੰਗਲੈਂਡ ਸਹਿਯੋਗ ਨੂੰ ਹੋਰ ਡੂੰਘਾਈ ਦੇਣ ਅਤੇ ਵਿਸਥਾਰਤ ਕਰਨ ਦੀ ਰਾਹ ਪੱਧਰੀ ਹੋਵੇਗੀ।

ਨਵੀਂ ਦਿੱਲੀ
2 ਮਈ, 2021

DISCLAIMER: This is an approximate translation. The original is available in English on MEA’s website and may be referred to as the official press release.